بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.11.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਨਵੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بعد فاعوذ بالله من الشيطٰن الرجيم۔
بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَ اِیَّاکَ نَسۡتَعِیۡنُ۔
اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿਹੜੇ ਸਹਾਬੀ ਦਾ ਪਹਿਲਾਂ ਜ਼ਿਕਰ ਹੋਵੇਗਾ, ਉਹਨਾਂ ਦਾ ਨਾਂ ਹਜ਼ਰਤ ਔਫ਼ ਬਿਨ ਹਾਰਸ ਬਿਨ ਰਫ਼ਾਅਹ ਅੰਸਾਰੀ ਹੈ । ਰਿਵਾਇਤਾਂ ਵਿੱਚ ਆਪ ਦਾ ਨਾਂ ਔਫ਼ ਬਿਨ ਅਫ਼ਰਾਅ, ਔਫ਼ ਬਿਨ ਹਾਰਸ ਅਤੇ ਔਜ਼ ਬਿਨ ਅਫ਼ਰਾਅ ਬਿਆਨ ਹੋਇਆ ਹੈ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਬਨੂ ਨਜਾਰ ਨਾਲ ਸੀ । ਹਜ਼ਰਤ ਮਆਜ਼ ਅਤੇ ਹਜ਼ਰਤ ਮੁਅੱਵਿਜ਼ ਹਜ਼ਰਤ ਔਫ਼ ਦੇ ਭਰਾ ਸਨ । ਹਜ਼ਰਤ ਔਫ਼ ਅੰਸਾਰ ਦੇ ਉਹਨਾ ਛੇ ਵਿਅਕਤੀਆਂ ਵਿੱਚ ਸ਼ਾਮਲ ਸਨ ਜਿੰਨ੍ਹਾ ਨੇ ਸਭ ਤੋਂ ਪਹਿਲਾਂ ਮੱਕੇ ਆਣਕੇ ਬੈਅਤ ਕੀਤੀ । ਆਪ ਬੈਤ ਅਕਬਾ ਵਿੱਚ ਵੀ ਸ਼ਾਮਲ ਸਨ । ਜੱਦ ਆਪ ਨੇ ਇਸਲਾਮ ਕੁਬੂਲ ਕੀਤਾ ਤਾਂ ਹਜ਼ਰਤ ਅਸਅਦ ਬਿਨ ਜ਼ਰਾਰਹ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਅਮਾਰਹ ਬਿਨ ਹਜ਼ਮ ਰਜ਼ੀ ਅਲੱਾਹ ਅਨਹੁ ਦੇ ਨਾਲ ਮਿਲਕੇ ਬਨੂ ਮਾਲਕ ਬਿਨ ਨਜਾਰ ਦੇ ਬੁੱਤ ਤੋੜੇ । ਬਦਰ ਦੀ ਜੰਗ ਦੇ ਦਿਨ ਜੱਦ ਜੰਗ ਚਲ ਰਹੀ ਸੀ ਤਾਂ ਹਜ਼ਰਤ ਔਫ਼ ਬਿਨ ਹਾਰਸ ਰਜ਼ੀ ਅਲੱਾਹ ਅਨਹੁ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਪੁੱਛਿਆ ਹੈ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ, ਰੱਬ ਆਪਣੇ ਬੰਦੇ ਦੀ ਕਿਹੜੀ ਗੱਲ'ਤੇ ਬਹੁਤਾ ਖ਼ੁੱਸ਼ ਹੁੰਦਾ ਹੈ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਇਸ ਗੱਲ ਨਾਲ ਕਿ ਉਸਦਾ ਹੱਥ ਜੰਗ ਵਿੱਚ ਮਸਰੂਫ਼ ਹੋਵੇ ਅਤੇ ਜ਼ਰਹ (ਕਵਚ) ਤੋਂ ਬਿਨਾ ਖ਼ੌਫ਼ ਲੜ ਰਿਹਾ ਹੋਵੇ । ਇਸ'ਤੇ ਹਜ਼ਰਤ ਔਫ਼ ਰਜ਼ੀ ਅਲੱਾਹ ਅਨਹੁ ਨੇ ਆਪਣੀ ਜ਼ਰਹ (ਕਵਚ) ਲਾਹ ਦਿੱਤੀ ਅਤੇ ਅੱਗੇ ਵਧੱਕੇ ਲੜਨਾ ਸ਼ੁਰੂ ਕਰ ਦਿਤੱਾ ਇੱਥੋਂ ਤੱਕ ਕਿ ਸ਼ਹੀਦ ਹੋ ਗਏ । ਹਦੀਸ ਅਤੇ ਸੀਰਤ ਦੀਆਂ ਕਿਤਾਬਾਂ ਵਿੱਚ ਬਦਰ ਦੀ ਜੰਗ ਵਿੱਚ ਅਬੂ ਜਿਹਲ'ਤੇ ਹਮਲਾ ਕਰਨ ਵਾਲੇ ਸਹਾਬਾ ਦੇ ਨਾਂ ਮਿਲਦੇ ਹਨ ਉਹਨਾਂ ਵਿੱਚ ਹਜ਼ਰਤ ਔਫ਼ ਬਿਨ ਅਫਰਾਅ ਦਾ ਨਾਂ ਵੀ ਆਉਂਦਾ ਹੈ ।

ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹ ਹਜ਼ਰਤ ਅਬੂ ਅਯੂਬ ਅੰਸਾਰੀ ਰਜ਼ੀ ਅਲੱਾਹ ਅਨਹੁ ਹਨ । ਆਪ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਨਜਾਰ ਨਾਲ ਸੀ । ਆਪ ਨੂੰ ਅਕਬਾ ਸਾਨੀਆ ਦੇ ਮੌਕੇ'ਤੇ ਸਤੱਰ ਅੰਸਾਰਾਂ ਦੇ ਨਾਲ ਬੈਅਤ ਕਰਨ ਦਾ ਸੁਅਵਸਰ ਨਸੀਬ ਹੋਇਆ । ਹਿਜਰਤ ਦੇ ਬਾਦ ਜੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮਦੀਨੇ ਆਏ ਤਾਂ ਆਪ ਮਸਜਿਦ ਨਬਵੀ ਅਤੇ ਆਪਣੇ ਘਰਾਂ ਦੀ ਉਸਾਰੀ ਤੱਕ ਇਹਨਾ ਦੇ ਘਰ ਹੀ ਸਿਥਿਰ ਰਹੇ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ : ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਮਦੀਨੇ ਵਿੱਚ ਦਾਖ਼ਲ ਹੋਏ, ਹਰ ਵਿਅਕਤੀ ਦੀ ਇਹ ਇਛੱਾ ਸੀ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਉਸਦੇ ਘਰ ਠਹਿਰਣ, ਜਿਹੜੀ ਜਿਹੜੀ ਗਲੀ ਵਿੱਚੋਂ ਆਪ ਦੀ ਊਠਣੀ ਲੰਘਦੀ ਸੀ ਉਸ ਗਲੀ ਦੇ ਪਰਿਵਾਰ ਦੇ ਲੋਕ ਆਪਣੇ ਘਰਾਂ ਦੇ ਅੱਗੇ ਖੜੇ ਹੋਕੇ ਰਸੂਲੁਲੱਾਹ ਸਲਲੱਾਹ ਅਲੈਹਿ ਵਸਲੱਮ ਦਾ ਸਵਾਗਤ ਕਰਦੇ ਸਨ ਅਤੇ ਕਹਿੰਦੇ ਸਨ, ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਹ ਘਰ ਸਾਡਾ ਹੈ ਅਤੇ ਇਹ ਸਾਡਾ ਮਾਲ ਹੈ ਅਤੇ ਇਹ ਸਾਡੀਆਂ ਜਾਨਾ ਹਨ ਜੋ ਆਪਦੀ ਸੇਵਾ ਲਈ ਹਾਜ਼ਰ ਹਨ, ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਸੀਂ ਆਪਦੀ ਸੁਰੱਖਿਆ ਯੋਗ ਹਨ, ਆਪ ਸਾਡੇ ਕੋਲ ਠਹਿਰਣ । ਕਈ ਲੋਕ ਜੋਸ਼ ਵਿੱਚ ਆ ਕੇ ਅੱਗੇ ਵਧੱਦੇ ਅਤੇ ਆਪਦੀ ਊਠਣੀ ਦੀ ਵਾਗ ਫੜ ਲੈਂਦੇ ਤਾਂ ਜੋ ਆਪ ਨੂੰ ਆਪਣੇ ਘਰ ਵਿੱਚ ਲਾਹ ਲੈਂਣ ਪਰ ਆਪ ਸਲਲੱਾਹੁ ਅਲੈਹਿ ਵਸਲੱਮ ਹਰ ਇਕ ਨੂੰ ਇਹੋ ਉਤੱਰ ਦਿੰਦੇ ਕਿ ਮੇਰੀ ਊਠਣੀ ਨੂੰ ਛੱਡ ਦਿਓ ਇਹ ਅੱਜ ਰੱਬ ਵੱਲੋਂ ਯੁਿਕਤ ਹੈ ਇਹ ਅੱਜ ਉੱਥੇ ਹੀ ਖੜੀ ਹੋਵੇਗੀ ਜਿੱਥੇ ਰੱਬ ਦੀ ਮਰਜ਼ੀ ਹੈ । ਅਖੀਰ ਮਦੀਨੇ ਦੇ ਇਕ ਸਿਰੇ'ਤੇ ਆਣਕੇ ਬਨੂ ਨਜਾਰ ਦੇ ਯਤੀਮਾ ਦੀ ਇਕ ਭੌਇ ਕੋਲ ਆਣ ਖੜੀ ਹੋਈ । ਆਪ ਜੀ ਨੇ ਇਸੇ ਥਾਂ'ਤੇ ਮਸਜਿਦ ਅਤੇ ਆਪਣੇ ਘਰ ਬਣਾਉਣ ਦਾ ਫ਼ੈਸਲਾ ਕੀਤਾ । ਇਸ ਦੇ ਬਾਦ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਸਭ ਤੋਂ ਨੇੜੇ ਘਰ ਕਿਸਦਾ ਹੈ, ਅਬੂ ਅਯੁੱਬ ਅੰਸਾਰੀ ਅੱਗੇ ਵਧੇ ਅਤੇ ਕਿਹਾ ਹੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੇਰਾ ਘਰ ਸਭ ਤੋਂ ਨੇੜੇ ਹੈ ਅਤੇ ਆਪ ਦੀ ਸੇਵਾ ਲਈ ਹਾਜ਼ਰ ਹੈ । ਆਪ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਘਰ ਜਾਓ ਅਤੇ ਸਾਡੇ ਲਈ ਕੋਈ ਕਮਰਾ ਤਿਆਰ ਕਰੋ । ਅਬੂ ਅਯੁੱਬ ਰਜ਼ੀ ਅਲੱਾਹ ਅਨਹੁ ਦਾ ਘਰ ਦੋ ਮੰਜ਼ਿਲਾ (ਚੁਬਾਰਾ) ਸੀ । ਉਹਨਾ ਨੇ ਰਸੂਲੁਲੱਾਹ ਸਲਲੱਾਹੁ ਅਲਹਿ ਵਸਲੱਮ ਲਈ ਉਪੱਰ ਵਾਲੀ ਮੰਜ਼ਿਲ ਤਜਵੀਜ਼ ਕੀਤੀ ਪਰ ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਸ ਵਿਚਾਰ ਨਾਲ ਕਿ ਮਿਲਣ ਵਾਲਿਆਂ ਨੂੰ ਕਸ਼ਟ ਹੋਵੇਗਾ ਹੇਠਲੀ ਮੰਜ਼ਿਲ ਪਸੰਦ ਕੀਤੀ । ਅੰਸਾਰ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਵਿਅਕਤੀਤਵ ਨਾਲ ਜੋ ਅਥਾਹ ਪ੍ਰੇਮ ਹੋ ਗਿਆ ਸੀ ਉਸ ਦਾ ਪ੍ਰਦਰਸ਼ਨ ਇਸ ਮੌਕੇ'ਤੇ ਵੀ ਹੋਇਆ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਆਖਣ'ਤੇ ਹਜ਼ਰਤ ਅਬੂ ਅਯੁੱਬ ਰਜ਼ੀ ਅਲੱਾਹ ਅਨਹੁ ਮੰਨ ਤਾਂ ਗਏ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਹੇਠਲੀ ਮੰਜ਼ਿਲ ਵਿੱਚ ਠਹਿਰਣ ਪਰ ਸਾਰੀ ਰਾਤ ਪਤੀ ਪਤਨੀ ਇਸ ਵਿਚਾਰ ਨਾਲ ਜਾਗਦੇ ਰਹੇ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਉਹਨਾ ਦੇ ਹੇਠਾਂ ਸੌਂ ਰਹੇ ਹਨ, ਫਿਰ ਉਹ ਕਿਵੇਂ ਇਸ ਬੇਅਦਬੀ ਦੇ ਪਾਤਰ ਹੋ ਸਕਦੇ ਹਨ ਕਿ ਉਹ ਛੱਤ'ਤੇ ਸੌਣ । ਇਹ ਪ੍ਰੇਮ ਦਾ ਇਕ ਪ੍ਰਦਰਸ਼ਨ ਸੀ । ਰਾਤ ਨੂੰ ਪਾਣੀ ਦਾ ਇਕ ਭਾਂਡਾ ਡਿੱਗ ਗਿਆ ਤਾਂ ਇਸ ਵਿਚਾਰ ਨਾਲ ਕਿ ਪਾਣੀ ਛੱਤ ਦੇ ਹੇਠਾਂ ਨ ਚਲਾ ਜਾਏ ਛੱਤ ਚੋਵੇ ਨਾ ਹਜ਼ਰਤ ਅਬੂ ਅਯੂਬ ਰਜ਼ੀ ਅਲੱਾਹ ਅਨਹੁ ਨੇ ਛੇਤੀ ਨਾਲ ਆਪਣੀ ਰਜ਼ਾਈ ਉਸ ਪਾਣੀ'ਤੇ ਪਾਕੇ ਪਾਣੀ ਨੂੰ ਸੋਕਿਆ । ਸਵੇਰ ਸਮੇਂ ਫਿਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਸਾਰੇ ਹਾਲਾਤ ਦੱਸੇ ਜਿਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਉਪੱਰ ਜਾਣਾ ਮੰਜ਼ੂਰ ਕਰ ਲਿਆ ।

ਹਜਰਤ ਅਬੂ ਅਯੁੱਬ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਲਈ ਖਾਣਾ ਬਣਾਉਂਦੇ ਸਨ ਅਤੇ ਜੱਦ ਉਹ ਖਾਣਾ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਵੱਲੋਂ ਬਚੱਕੇ ਵਾਪਸ ਆਉਂਦਾ ਤਾਂ ਉੱਥੋਂ ਹੀ ਖਾਂਦੇ ਜਿੱਥੋਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਖਾਧਾ ਹੁੰਦਾ ਸੀ । ਉਹਨਾ ਨੇ ਇਕ ਵਾਰ ਆਪ ਲਈ ਖਾਣਾ ਤਿਆਰ ਕੀਤਾ ਜਿਸ ਵਿੱਚ ਥੋਮ (ਲਸੱਣ) ਸੀ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਖਾਣਾ ਨਹੀਂ ਖਾਧਾ ਤਾਂ ਹਜ਼ਰਤ ਅਬੂ ਅਯੁੱਬ ਘਬਰਾ ਗਏ ਅਤੇ ਆਪ

ਸਲਲੱਾਹੁ ਅਲੈਹਿ ਵਸਲੱਮ ਕੋਲ ਉਪੱਰ ਗਏ ਅਤੇ ਪੁੱਛਿਆ ਕੀ ਥੋਮ ਹਰਾਮ ਹੈ । ਨਬੀ ਕਰੀਮ ਸਲਲੱਾਹੁ ਅਲਹਿ ਵਸਲੱਮ ਨੇ ਫ਼ਰਮਾਇਆ, ਨਹੀਂ, ਪਰ ਮੈਂ ਇਸਨੂੰ ਪਸੰਦ ਨਹੀਂ ਕਰਦਾ ਹਾਂ । ਇਸ'ਤੇ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਨੇ ਕਿਹਾ ਜਿਸਨੂੰ ਆਪ ਨਾਪਸੰਦ ਕਰਦੇ ਹਨ ਮੈਂ ਉਸਨੂੰ ਨਾਪਸੰਦ ਕਰਦਾ ਹਾਂ । ਮਸਨਦ ਅਹਮਦ ਬਿਨ ਹੰਬਲ ਦੀ ਇਕ ਦੂਜੀ ਰਿਵਾਇਤ ਵਿੱਚ ਗੰਡੇ (ਪਿਆਜ਼) ਦਾ ਵਰਨਣ ਹੋਇਆ ਹੈ ਥੋਮ ਦੀ ਥਾਂ । ਫ਼ਰਮਾਇਆ ਕਿ ਮੈਂ ਨਾਪਸੰਦ ਕੀਤਾ ਕਿ ਇਸ ਨੂੰ ਖਾਵਾਂ ਉਸ ਫ਼ਰਿਸ਼ਤੇ ਕਰਕੇ ਜੋ ਮੇਰੇ ਕੋਲ ਆਉਂਦਾ ਹੈ । ਪਰੰਤੂ ਤੁਸੀਂ ਲੋਕ ਇਸ ਨੂੰ ਖਾਓ ।

ਹਜ਼ਰਤ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨਾਲ ਬਦਰ, ਉਹਦ ਅਤੇ ਖ਼ੰਦਕ ਦੀ ਜੰਗਾਂ ਸਣੇ ਸਾਰੀਆਂ ਜੰਗਾ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ । ਇਕ ਮੌਕੇ ਆਪ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਤੰਬੂ ਦੇ ਬਾਹਰ ਨੰਗੀ ਤਲਵਾਰ ਲੈਕੇ ਸਾਰੀ ਰਾਤ ਪਹਿਰਾ ਦਿੰਦੇ ਰਹੇ । ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੂੰ ਇਸ ਦਾ ਪਤਾ ਲਗੱਾ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਦੁਆ ਫ਼ਰਮਾਈ ਕਿ 'ਅਲੱਾਹੁਮੱਾ ਇਹਫ਼ਜ਼ ਅਬਾ ਅਯੂੱਬਾ ਕਮਾ ਬਾਤਾ ਯਹਫ਼ੁਜ਼ਨੀ' اَللّٰهُمَّ اِحْفَظْ اَبَا اَيُّوبَ كَمَا بَاتَ يَحْفُظَنِي ਕਿ ਹੇ ਅਲੱਾਹ ਅਬੂ ਅਯੂੱਬ ਦੀ ਰੱਖਿਆ ਕਰ ਜਿਵੇਂ ਉਸ ਨੇ ਪੂਰੀ ਰਾਤ ਮੇਰੀ ਰੱਖਿਆ ਕਰਦਿਆਂ ਹੋਇਆਂ ਲੰਘਾਈ ।

ਹਜ਼ਰਤ ਸਈਦ ਬਿਨ ਮੁਸੈਬ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਇਕ ਵਾਰ ਹਜ਼ਰਤ ਅਬੂ ਅਯੂੱਬ ਰਜ਼ੀ ਅਲੱਾਹ ਅਨਹੁ ਨੇ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਪਵਿੱਤਰ ਦਾੜ੍ਹੀ ਵਿੱਚ ਕੋਈ ਚੀਜ਼ ਤੀਲਾ ਆਦਿ ਦੇਖਿਆ ਤਾਂ ਉਹਨਾਂ ਨੇ ਉਸ ਨੂੰ ਕੱਢ ਦਿਤੱਾ । ਇਸ'ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਅਬੂ ਅਯੂੱਬ ਤੋਂ ਰੱਬ ਉਹ ਚੀਜ਼ ਦੂਰ ਕਰੇ ਜਿਸਨੂੰ ਉਹ ਨਾਪਸੰਦ ਕਰਦਾ ਹੈ । ਆਪ ਨੇ ਫ਼ਰਮਾਇਆ, ਹੇ ਅਬੂ ਅਯੂੱਬ ਤੁਹਾਨੂੰ ਕਸ਼ਟ ਨ ਪਹੁੰਚੇ ।

ਇਕ ਰਿਵਾਇਤ ਵਿੱਚ ਹੈ ਕਿ ਹਜ਼ਰਤ ਅਬੂ ਅਯੂੱਬ ਰਜ਼ੀ ਅਲੱਾਹ ਅਨਹੁ ਵਰਨਣ ਕਰਦੇ ਹਨ ਕਿ ਮੈਂ ਰਸੂਲੁਲੱਾਹ ਸਲੱਾਹੁ ਅਲੈਹਿ ਵਸਲੱਮ ਨੂੰ ਫ਼ਰਮਾਉਂਦਿਆਂ ਸੁਣਿਆ ਹੈ ਕਿ ਜਿਸ ਨੇ ਮਾਂ ਅਤੇ ਉਸ ਦੇ ਪੁਤੱਰ ਵਿੱਚ ਕੋਈ ਵਿੱਥ ਪਾਈ ਤਾਂ ਰੱਬ ਉਸਦੇ ਅਤੇ ਉਸਦੇ ਪਿਆਰਿਆਂ ਵਿਚੱਕਾਰ ਕਯਾਮਤ ਦੇ ਦਿਨ ਵਿੱਥ ਪਾ ਦੇਵੇਗਾ ।

ਹਜ਼ਰਤ ਮੁਰਸਦ ਬਿਨ ਅਬਦੁਲੱਾਹ ਬਿਆਨ ਕਰਦੇ ਹਨ ਕਿ ਹਜ਼ਰਤ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੇਰੀ ਉਮੱਤ ਉਸ ਸਮੇਂ ਤੱਕ ਭਲਾਈ'ਤੇ ਸਿਥਿਰ ਰਹੇ ਜਾਂ ਇਹ ਫ਼ਰਮਾਇਆ ਕਿ ਸੁਭਾਉ'ਤੇ ਕਾਇਮ ਰਹੇਗੀ ਜੱਦ ਤੱਕ ਉਹ ਮਗ਼ਰਿਬ ਦੀ ਨਮਾਜ਼ ਪੜ੍ਹਨ ਵਿੱਚ ਦੇਰੀ ਨਹੀਂ ਕਰਨਗੇ । ਅਰਥਾਤ ਪਹਿਲੇ ਸਮੇਂ ਵਿੱਚ ਮਗ਼ਰਿਬ ਦੀ ਨਮਾਜ਼ ਪੜ੍ਹਨੀ ਚਾਹੀਦੀ ਹੈ । ਅਬੂ ਵਾਸਲ ਤੋਂ ਰਿਵਾਇਤ ਹੈ ਕਿ ਮੈਂ ਹਜ਼ਰਤ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਨੂੰ ਮਿਲਿਆ ਉਹਨਾ ਨੇ ਮੇਰੇ ਨਾਲ ਹੱਥ ਮਿਲਾਏ ਅਤੇ ਦੇਖਿਆ ਕਿ ਮੇਰੇ ਨਹੁ (ਨਾਖ਼ੁਨ) ਬਹੁਤ ਲੰਮੇ ਹਨ ਤਾਂ ਉਹਨਾ ਨੇ ਕਿਹਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਹਾਡੇ ਵਿੱਚੋਂ ਕੋਈ ਅਕਾਸ਼ ਦੀ ਖ਼ਬਰਾਂ ਬਾਰੇ ਪ੍ਰਸ਼ਨ ਕਰਦਾ ਹੈ ਅਤੇ ਉਹ ਆਪਣੇ ਨਹੁ ਇਉਂ ਲੰਮੇ ਰਖੱਦਾ ਹੈ ਜਿਵੇਂ ਪੰਛੀਆਂ ਦੇ ਨਹੁ ਹੁੰਦੇ ਹਨ । ਇਹਨਾ ਵਿੱਚ ਜਰਾਸੀਮ, ਗੰਦ ਤੇ ਮੈਲ ਕੁਚੈਲ ਇਕੱਠੀ ਹੋ ਜਾਂਦੀ ਹੈ, ਇਸ ਲਈ ਨਹੁ ਕਟੱਕੇ ਰੱਖਿਆ ਕਰੋ ।

ਹਜ਼ਰਤ ਅਬੂ ਅਯੂੱਬ ਰਜ਼ੀ ਅਲੱਾਹ ਅਨਹੁ ਦਾ ਫ਼ਜ਼ਲ ਤੇ ਕਮਾਲ ਐਨ੍ਹਾ ਪਕੱਾ ਸੀ ਕਿ ਸਹਾਬਾ ਆਪ ਇਹਨਾ ਤੋਂ ਮਸਲਿਆਂ ਬਾਰੇ ਜਾਣਕਾਰੀ ਲੈਂਦੇ ਸਨ । ਜੱਦ ਆਪ ਦੇ ਦੇਹਾਂਤ ਦਾ ਸਮਾਂ ਨੇੜੇ ਆਇਆ ਤਾਂ ਇਹਨਾਂ ਨੇ ਲੋਕਾਂ ਨੂੰ ਕਿਹਾ ਕਿ ਮੈਂ ਤੁਹਾਡੇ ਕੋਲ ਇਕ ਹਦੀਸ ਵਰਨਣ ਕਰਾਂਗਾ ਜੋ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਸੁਣੀ ਹੈ । ਜੇਕਰ ਮੇਰਾ ਦੇਹਾਂਤ ਨੇੜੇ ਨ ਹੁੰਦਾ ਤਾਂ ਮੈਂ ਇਸ ਨੂੰ ਵਰਨਣ ਨ ਕਰਦਾ । ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ

ਫ਼ਰਮਾਉਂਦਿਆਂ ਹੋਇਆਂ ਸੁਣਿਆ ਹੈ ਕਿ ਜੋ ਇਸ ਹਾਲਤ ਵਿੱਚ ਮਰਿਆ ਕਿ ਉਸ ਨੇ ਰੱਬ ਨਾਲ ਕਿਸੇ ਨੂੰ ਸ਼ਰੀਕ ਨਹੀਂ ਬਣਾਇਆ ਤਾਂ ਉਹ ਸਵਰਗ ਵਿੱਚ ਦਾਖ਼ਲ ਹੋਵੇਗਾ ।

ਹਜ਼ਰਤ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਆਪ ਮੁਸਲਮਾਨਾਂ ਦੀ ਕਿਸੇ ਵੀ ਲੜਾਈ ਵਿੱਚ ਪਿੱਛੇ ਨਹੀਂ ਰਹੇ ਜੇਕਰ ਇਕ ਸਮੇਂ ਵਿੱਚ ਦੋ ਵੱਖ ਵੱਖ ਜੰਗਾ ਹੋ ਰਹੀਆਂ ਹੁੰਦੀਆਂ ਤਾਂ ਕਿਸੇ ਨ ਕਿਸੇ ਜੰਗ ਵਿੱਚ ਅਵਸ਼ ਸ਼ਾਮਲ ਹੁੰਦੇ ਸਨ । ਇਕ ਜੰਗ ਵਿੱਚ ਹਜ਼ਰਤ ਅਬੂਅਯੂੱਬ ਰਜ਼ੀ ਅਲੱਾਹ ਅਨਹੁ ਬਿਮਾਰ ਹੋ ਗਏ । ਲਸ਼ਕਰ'ਤੇ ਯਜ਼ੀਦ ਬਿਨ ਮੁਆਵੀਆਹ ਅਮੀਰ ਸੀ ਉਹ ਉਹਨਾਂ ਕੋਲ ਆਇਆ ਅਤੇ ਪੁੱਛਿਆ ਕਿ ਆਪਨੂੰ ਕੋਈ ਲੋੜ ਹੋਵੇ ਤਾਂ ਅਵਸ਼ ਦਸੱਣਾ । ਉਹਨਾ ਨੇ ਕਿਹਾ ਕਿ ਮੇਰੀ ਲੋੜ ਇਹ ਹੈ ਕਿ ਜੱਦ ਮੈਂ ਮਰ ਜਾਵਾਂ ਤਾਂ ਮੈਂਨੂੰ ਸਵਾਰ ਕਰਨਾ ਫਿਰ ਜਿੱਥੋਂ ਤੱਕ ਮੌਕਾ ਮਿਲੇ ਦੁਸ਼ਮਣ ਦੇ ਦੇਸ਼ ਵਿੱਚ ਲੈ ਜਾਣਾ ਅਤੇ ਓਥੇ ਦਫ਼ਨ ਕਰ ਦੇਣਾ ਅਤੇ ਪਰਤ ਆਉਂਣਾ । ਜੱਦ ਹਜ਼ਰਤ ਅਬੂ ਅਯੂੱਬ ਦਾ ਦੇਹਾਂਤ ਹੋ ਗਿਆ ਤਾਂ ਉਸ ਨੇ ਇਹਨਾਂ ਨੂੰ ਸਵਾਰ ਕੀਤਾ ਅਤੇ ਜਿੱਥੋਂ ਤੱਕ ਮੌਕਾ ਮਿਲਿਆ ਉਹ ਦੁਸ਼ਮਣ ਦੇ ਦੇਸ਼ ਵਿੱਚ ਗਿਆ ਅਤੇ ਇਹਨਾਂ ਨੂੰ ਦਫ਼ਨ ਕੀਤਾ ਫਿਰ ਪਰਤ ਆਇਆ ।

ਹਜ਼ਰਤ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਆਪਣੇ ਦੇਹਾਂਤ ਤੱਕ ਜਿਹਾਦ ਵਿੱਚ ਲੱਗੇ ਰਹੇ । ਇਕ ਰਿਵਾਇਤ ਵਿੱਚ ਹੈ ਕਿ 52 ਹਿਜਰੀ ਵਿੱਚ ਕੁਸਤੁਨਤੁਨੀਆ ਦੀ ਜੰਗ ਵਿੱਚ ਆਪ ਰਜ਼ੀ ਅਲੱਾਹ ਅਨਹੁ ਦਾ ਦੇਹਾਂਤ ਹੋਇਆ । ਯਜ਼ੀਦ ਬਿਨ ਮੁਆਵੀਆਹ ਨੇ ਇਹਨਾ ਦੀ ਨਮਾਜ਼ ਜਨਾਜ਼ਾਹ ਪੜ੍ਹਾਈ । ਹਜ਼ਰਤ ਅਬੂ ਅਯੂੱਬ ਅੰਸਾਰੀ ਰਜ਼ੀ ਅਲੱਾਹ ਅਨਹੁ ਦਾ ਮਜ਼ਾਰ ਤੁਰਕੀ ਦੇ ਸ਼ਹਿਰ ਇਸਤੰਬੋਲ ਵਿੱਚ ਹੈ । ਤੁਰਕੀ ਦੇ ਅਧਿਕਤਰ ਲੋਕ ਮਾਨਸਕ ਸ਼ਾਂਤੀ ਲਈ ਇੱਥੇ ਹਾਜ਼ਰ ਹੁੰਦੇ ਹਨ ।

ਹਜ਼ੂਰ ਨੇ ਫ਼ਰਮਾਇਆ : ਹੁਣ ਬਦਰੀ ਸਹਾਬਾ ਦਾ ਜ਼ਿਕਰ ਖ਼ਤਮ ਹੋ ਗਿਆ ਹੈ ਪਰੰਤੂ ਚਾਰੇ ਖ਼ਲੀਫ਼ਿਆਂ ਦਾ ਜ਼ਿਕਰ ਇਨਸ਼ਾਅਲੱਾਹ ਵਰਨਣ ਕਰਾਂਗਾ । ਇਸੇ ਪ੍ਰਕਾਰ ਆਰੰਭ ਵਿੱਚ ਕੁਝ ਸਹਾਬਾ ਦਾ ਸੰਖੇਪ ਜਿਹਾ ਵਰਨਣ ਹੋਇਆ ਸੀ ਜੇਕਰ ਉਹਨਾ ਬਾਰੇ ਕੁਝ ਹੋਰ ਸੰਦਰਭ ਪ੍ਰਾਪਤ ਹੋਏ ਤਾਂ ਉਹ ਵੀ ਵਰਨਣ ਕਰਾਂਗਾ ।

ਇਸਦੇ ਬਾਦ ਹਜ਼ੂਰਅਨਵਰ ਨੇ ਮੁਕਰੱਮ ਅਬਦੁਲ ਹੱਯੀ ਮੰਡਲ ਸਾਹਬ ਅਤੇ ਮੁਕਰੱਮ ਸਿਰਾਜੁਲ ਇਸਲਾਮ ਸਾਹਬ ਮੁਅੱਲਿਮੀਨ ਸਿਲਸਿਲਾ ਇੰਡੀਆ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਵਾਸੇ ਮੁਕਰੱਮ ਸ਼ਾਹਿਦ ਅਹਮਦ ਖ਼ਾਂਨ ਪਾਸ਼ਾ ਸਾਹਬ ਸਪੁੱਤਰ ਹਜ਼ਰਤ ਨਵਾਬ ਅਮਤੁਲ ਹਫ਼ੀਜ਼ ਬੇਗ਼ਮ ਸਾਹਿਬਾ ਰਜ਼ੀ ਅਲੱਾਹ ਅਨਹਾ ਅਤੇ ਮੁਕਰੱਮ ਸਯੱਦ ਮਸਊਦ ਅਹਮਦ ਸ਼ਾਹ ਸਾਹਬ (ਯੂਕੇ) ਦਾ ਜ਼ਿਕਰੇ ਖ਼ੈਰ ਕੀਤਾ ਅਤੇ ਫ਼ਰਮਾਇਆ ਨਮਾਜ਼ਾਂ ਦੇ ਬਾਦ ਇਹਨਾ ਦੀ ਨਮਾਜ਼ ਜਨਾਜ਼ਾਹ ਵੀ ਪੜ੍ਹਵਾਂਗਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ
وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّآ اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ۔ عِبَادَ اللّٰهِ رحمکم اللّٰه اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ
ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma   13.11.2020**

Delivered By    :  Hadhrat Khalifatul Masih Vth (atba)

Summarized by :  Majlis Ansarullah Bharat

Tarnslated by   :  Shamshad Ahmad Eden, from Punjabi Desk

From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131